**ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ**

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ

ਫੋਨ ਨੰ. 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),

ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀਂ),

ਪੰਜਾਬ।

ਮੀਮੋ ਨੰ: SCERT, QP/UP/2020/218953 ਮਿਤੀ:- 11-Sep-2020

**ਵਿਸ਼ਾ :- Advisory No-2- Punjab Achievement Survey (PAS-2020).**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਿੱਖਿਆ ਵਿਭਾਗ ਵੱਲੋਂ ਰਾਜ ਦੇ ਸਮੂਹ ਸਰਕਾਰੀ ਅਤੇ ਅਰਧ-ਸਰਕਾਰੀ ਸਕੂਲਾਂ ਵਿਚ PAS ਦੀ ਤਿਆਰੀ ਕਰਵਾਈ ਜਾ ਰਹੀ ਹੈ। ਜਿਸ ਦੇ ਚੱਲਦਿਆਂ ਸਮੇਂ ਸਮੇਂ ਤੇ ਫੀਲਡ ਵਿੱਚੋਂ ਪ੍ਰਾਪਤ ਸੁਝਾਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆ ਹੇਠ ਲਿਖੀਆਂ ਕੁਝ ਗੱਲਾਂ ਵੱਲ ਧਿਆਨ ਦੇਣ ਲਈ ਅਡਵਾਇਜ਼ਰੀ (advisory) ਜਾਰੀ ਕੀਤੀ ਜਾ ਰਹੀ ਹੈ।

3.0 **<u>Meeting with GOGs</u>** ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਕੀਤੇ ਜਾਣ ਵਾਲ ਕੰਮਾਂ ਦੇ ਪ੍ਰਚਾਰ-ਪ੍ਰਸਾਰ ਅਤੇ ਨਿਗਰਾਨੀ ਲਈ ਸਾਬਕਾ ਫੌਜੀਆਂ ਦੀਆਂ ਸੇਵਾਵਾਂ ਲੈਣ ਹਿਤ ਗਾਰਡੀਅਨਜ਼ ਆਫ ਗਵਰਨੈਂਸ (G.O.G) ਦਾ ਗਠਨ ਕੀਤਾ ਗਿਆ ਹੈ। PAS ਦੇ ਸਬੰਧ ਵਿੱਚ ਵੀ ਗਾਰਡੀਅਨਜ਼ ਆਫ ਗਵਰਨੈਂਸ ਦੀ ਹੇਠ ਲਿਖੇ ਤਰੀਕੇ ਨਾਲ ਮਦਦ ਲਈ ਜਾ ਸਕਦੀ ਹੈ।

3.1 ਸਮੂਹ DEO (SE)/(EE) GOG ਨਾਲ ਮੀਟਿੰਗ ਕਰਕੇ ਬੱਚਿਆਂ ਦੇ ਮਾਤਾ-ਪਿਤਾ, ਸਮੁਦਾਇ ਨੂੰ PAS ਬਾਰੇ ਜਾਗਰੂਕ ਕਰਨ ਅਤੇ PAS ਦੀਆਂ ਖ਼ੂਬੀਆਂ ਅਤੇ ਭਵਿੱਖ 'ਚ ਹੋਣ ਵਾਲੇ ਫਾਇਦਿਆਂ ਜਿਵੇਂ ਕਿ CDS, NDA, PCS, IAS ਅਤੇ PO etc. ਦੀ ਪ੍ਰੀਖਿਆ ਦੀ ਤਿਆਰੀ ਸਬੰਧੀ ਪ੍ਰਚਾਰ ਕਰਨ ਲਈ ਮਦਦ ਲੈ ਸਕਦੇ ਹਨ।ਮੀਟਿੰਗ ਵਿਚ GOG ਨੂੰ PAS ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ।

3.2 ਗਾਰਡੀਅਨਜ਼ ਆਫ ਗਵਰਨੈਂਸ ਨੂੰ PAS ਨਾਲ ਸੰਬੰਧਿਤ ਗਤੀਵਿਧੀਆਂ ਲਈ ਸਕੂਲ ਅਤੇ ਸਮੁਦਾਇ ਵਿਚਕਾਰ ਕੜੀ ਵਜੋਂ ਕੰਮ ਕਰਨ ਜਿਵੇਂ ਕਿ PAS ਦਾ ਟੈਸਟ ਕਰਵਾਉਣ ਹਿਤ ਇਲੈਕਟ੍ਰੋਨਿਕ

Scanned with CamScanner

ਮਾਧਿਅਮ ਤੋਂ ਵਾਂਝੇ ਵਿਦਿਆਰਥੀਆਂ ਨੂੰ ਮੋਬਾਇਲ ਆਦਿ ਮੁਹਈਆ ਕਰਵਾ ਕੇ ਟੈਸਟ 'ਚ ਸ਼ਾਮਿਲ ਕਰਵਾਉਣ ਲਈ ਬੇਨਤੀ ਕੀਤੀ ਜਾਵੇ।

3.3 ਇਸ ਤੋਂ ਇਲਾਵਾ GOG ਦੁਆਰਾ ਸਥਾਨਿਕ ਸਮੁਦਾਇ ਦੀਆਂ PAS ਨਾਲ ਸੰਬੰਧਿਤ ਸੱਮਸਿਆਵਾਂ ਦੇ ਹੱਲ ਕਰਵਾਉਣ ਲਈ ਵਿਭਾਗ ਨਾਲ ਸਹਿਯੋਗ ਕਰਨ ਲਈ ਬੇਨਤੀ ਕੀਤੀ ਜਾਵੇ।

**4.0 <u>Leader of the Student Buddy Group.</u>**

4.1 ਸਿੱਖਿਆ ਵਿਭਾਗ ਵੱਲੋਂ PAS ਦੀ ਤਿਆਰੀ ਲਈ ਬਹੁਤ ਸਾਰੇ ਵਿਸ਼ਾ-ਅਧਿਆਪਕਾਂ ਵੱਲੋਂ ਵਿਸ਼ੇ ਦੀ ਤਿਆਰੀ ਲਈ ਪ੍ਰਸ਼ਨਾਂ/ PAS ਸਬੰਧੀ material ਆਦਿ ਨੂੰ share ਕਰਨ ਲਈ ਵਿਦਿਆਰਥੀਆਂ ਦੇ Buddy groups ਬਣਾਏ ਗਏ ਹਨ। ਜਿਨ੍ਹਾਂ ਵਿੱਚ ਵਿਦਿਆਰਥੀ ਬਹੁਤ ਉਤਸ਼ਾਹ ਨਾਲ ਕੰਮ ਕਰ ਰਹੇ ਹਨ।

4.2 ਇਹ ਸੁਝਾਵ ਪ੍ਰਾਪਤ ਹੋਇਆ ਹੈ ਕਿ ਇਹਨਾਂ Buddy Group ਦੇ ਸਾਰੇ ਮੈਂਬਰਾਂ ਦਾ ਉਤਸ਼ਾਹ ਬਣਾਈ ਰੱਖਣ ਲਈ ਸਬੰਧਤ ਅਧਿਆਪਕ, Buddy group ਦੇ 'ਵਿਦਿਆਰਥੀ-ਲੀਡਰ' (Student Leader) ਨੂੰ ਪੰਦਰਾਂ ਦਿਨਾਂ ਬਦਲਣ ਤਾਂ ਜੋ ਵਾਰੀ-ਵਾਰੀ ਸਾਰੇ ਵਿਦਿਆਰਥੀਆਂ ਵਿੱਚ ਜਿੰਮੇਵਾਰੀ ਨਾਲ ਕੰਮ ਕਰਨ ਦੀ ਭਾਵਨਾ ਪੈਦਾ ਹੋ ਸਕੇ।

**5. <u>Meeting with Teachers& SMCs by DEOs:</u>**

5.1 PAS ਦੀ ਤਿਆਰੀ ਨੂੰ ਮੁੱਖ ਰੱਖਦਿਆਂ ਹੋਇਆ, ਸਮੂਹ DEO(SE)/EE ਆਮ ਤੌਰ ਤੇ ਆਪਣੇ ਜਿਲ੍ਹੇ ਦੇ ਸਮੂਹ ਸਰਕਾਰੀ ਅਤੇ ਅਰਧ-ਸਰਕਾਰੀ ਸਕੂਲਾਂ ਦੇ ਮੁੱਖੀਆਂ ਦੀ ਮੀਟਿੰਗ ਕਰਦੇ ਹਨ ਜੋ ਇਕ ਚੰਗੀ ਪ੍ਰਥਾ ਹੈ। PAS ਦੀ ਤਿਆਰੀ ਨੂੰ ਹੋਰ ਵੀ ਪ੍ਰਭਾਵਸ਼ਾਲੀ ਕਰਨ ਲਈ ਸਮੂਹ DEO(SE)/EE ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸਮੇਂ ਸਮੇਂ ਤੇ ਵਿਸ਼ਾ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਅਤੇ ਸਿੱਧੇ ਤੌਰ ਤੇ ਉਹਨਾਂ ਦੇ ਸੁਝਾਅ ਲੈਣ ਲਈ Online meeting ਕਰਨ। ਇਸ ਤਰ੍ਹਾਂ ਕਰਨ ਨਾਲ ਅਧਿਆਪਕਾਂ ਦਾ PAS ਦੀ ਤਿਆਰੀ ਲਈ ਉਤਸ਼ਾਹ ਬਣਿਆ ਰਹੇਗਾ।

5.2 ਇਸ ਤੋਂ ਇਲਾਵਾ SMC ਦੇ ਸਹਿਯੋਗ ਲੈਣ ਲਈ ਸਮੂਹ ਸਕੂਲ ਮੁੱਖੀ ਨੂੰ ਆਪਣੇ-ਆਪਣੇ ਸਕੂਲ ਦੀ SMC ਨਾਲ ਸਮੇਂ ਸਮੇਂ ਤੇ ਮੀਟਿੰਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ PAS ਵਿੱਚ ਉਹਨਾਂ ਦੀ ਭੂਮਿਕਾ ਬਾਰੇ ਜਾਣੂ ਕਰਵਾਇਆ ਜਾਵੇ ਜੀ।

ਡਾਇਰੈਕਟਰ
ਐਸ.ਸੀ.ਈ.ਆਰ.ਟੀ,ਪੰਜਾਬ।

Scanned with CamScanner